ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੇ ਵਿੰਟਰ ਲਾਈਟਸ ਫੈਸਟੀਵਲ ਦੇ ਨਾਲ ਛੁੱਟੀਆਂ ਦੀ ਸ਼ੁਰੂਆਤ–15 ਅਤੇ 16 ਨਵੰਬਰ

ਬ੍ਰੈਂਪਟਨ, ਓਨਟੈਰੀਓ (5 ਨਵੰਬਰ, 2019) – ਸ਼ੁੱਕਰਵਾਰ, 15 ਨਵੰਬਰ ਅਤੇ ਸ਼ਨੀਵਾਰ, 16 ਨਵੰਬਰ, 2019 ਨੂੰ ਨੌਰਥਵੈਸਟ ਲੈਕਸਸ (Northwest Lexus) ਵੱਲੋਂ ਪੇਸ਼ ਕੀਤੇ ਜਾਣ ਵਾਲੇ ਸਾਲਾਨਾ ਵਿੰਟਰ ਲਾਈਟਸ ਫੈਸਟੀਵਲ (Winter Lights Festival) ਦੇ ਨਾਲ, ਡਾਉਨਟਾਉਨ ਬ੍ਰੈਂਪਟਨ ਵਿੱਚ ਛੁੱਟੀਆਂ ਦੇ ਸੀਜਨ ਦਾ ਮਜ਼ਾ ਲਵੋ!

ਕੇਨ ਵ੍ਹਿਲੈਨਸ ਸਕਵੇਅਰ (Ken Whillans Square) ਵਿੱਚ ਦਰਖ਼ਤ ਦੀ ਪਹਿਲੀ ਲਾਈਟਿੰਗ ਦਾ ਜਸ਼ਨ ਮਨਾਓ, ਆਉਟਡੋਰ ਹੌਲੀਡੇ ਮਾਰਕੀਟ ਵਿਖੇ ਖਰੀਦਦਾਰੀ ਕਰੋ ਅਤੇ ਬ੍ਰੈਂਪਟਨ ਦੇ ਰੋਟਰੀ ਕਲੱਬ (Rotary Club) ਵੱਲੋਂ ਪੇਸ਼ ਕੀਤੇ ਜਾਣ ਵਾਲੀ, ਕੈਨੇਡਾ ਵਿੱਚ ਰਾਤ ਦੇ ਸਮੇਂ ਦੇ ਸਭ ਤੋਂ ਵੱਡੀ ਪਰੇਡ, ਬ੍ਰੈਂਪਟਨ ਦੀ ਸੈਂਟਾ ਕਲਾਜ ਪਰੇਡ (Santa Claus Parade) ਦਾ ਅਨੰਦ ਮਾਣੋ।

**ਟ੍ਰੀ ਲਾਈਟਿੰਗ (Tree Lighting)**
ਸ਼ੁੱਕਰਵਾਰ, 15 ਨਵੰਬਰ ਨੂੰ ਸ਼ਾਮ 6 ਤੋਂ ਰਾਤ 9 ਵਜੇ ਤੱਕ

ਬ੍ਰੈਂਪਟਨ ਵਿੱਚ ਸਾਲਾਨਾ ਟ੍ਰੀ ਲਾਈਟਿੰਗ ਸੈਰੇਮਨੀ (Tree Lighting Ceremony), ਛੁੱਟੀਆਂ ਦੇ ਸੀਜਨ ਲਈ ਬ੍ਰੈਂਪਟਨ ਦਾ ਅਧਿਕਾਰਤ ਸ਼ੁਰੂਆਤ ਕਰਨ ਦਾ ਜਸ਼ਨ ਹੈ। ਸ਼ਾਮਲ ਹੋਣ ਵਾਲੇ, ਰਾਤ ਨੂੰ 8 ਵਜੇ, ਕੇਨ ਵ੍ਹਿਲੈਨਸ ਸਕਵੇਅਰ ਵਿੱਚ, ਕ੍ਰਿਸਮਸ ਦੀਆਂ 10,000 ਤੋਂ ਵੱਧ ਲਾਈਟਾਂ ਨਾਲ ਸਜੇ ਹੋਏ ਸਿਟੀ ਦੇ 60 ਫੁੱਟ ਦੇ ਚੀੜ ਦੇ ਦਰਖ਼ਤ ਨੂੰ ਰੋਸ਼ਨ ਕਰਨ ਲਈ ਉਲਟੀ ਗਿਣਤੀ ਗਿਣਨਗੇ। ਆਉਣ ਵਾਲੇ ਪੂਰੀ ਸ਼ਾਮ ਮੁਫ਼ਤ ਗਤੀਵਿਧੀਆਂ, ਲਾਈਟ ਇੰਸਟਾਲੇਸ਼ਨਾਂ ਅਤੇ ਮਨੋਰੰਜਨ ਦਾ ਮਜ਼ਾ ਵੀ ਲੈ ਸਕਦੇ ਹਨ।

ਇਸ ਸਾਲ ਦੀ ਟ੍ਰੀ ਲਾਈਟੀਂਗ ਬਾਰੇ ਹੋਰ ਵੇਰਵਿਆਂ ਲਈ, www.brampton.ca/winterlights ਤੇ ਜਾਓ।

**ਕ੍ਰਿਸਮਸ ਮਾਰਕੀਟ (Christmas Market)**
ਸ਼ੁੱਕਰਵਾਰ, 15 ਨਵੰਬਰ ਨੂੰ ਸ਼ਾਮ 4 ਤੋਂ ਰਾਤ 10 ਵਜੇ ਤੱਕ ਅਤੇ ਸ਼ਨੀਵਾਰ, 16 ਨਵੰਬਰ ਨੂੰ ਸਵੇਰੇ 11 ਤੋਂ ਰਾਤ 11 ਵਜੇ ਤੱਕ

ਟਾਇਰ ਵਰਲਡ (Tire World) ਵੱਲੋਂ ਪੇਸ਼ ਕੀਤੀ ਜਾਣ ਵਾਲੀ, ਇਸ ਸਾਲ ਦੀ ਆਉਟਡੋਰ ਕ੍ਰਿਸਮਸ ਮਾਰਕੀਟ (Christmas Market) ਵਿਖੇ ਆਪਣੀ ਖਰੀਦਦਾਰੀ ਸ਼ੁਰੂ ਕਰੋ ਅਤੇ ਛੁੱਟੀਆਂ ਦਾ ਜੋਸ਼ ਭਰੋ! ਸਰਦੀਆਂ ਦੇ ਇਸ ਤਿਉਹਾਰ ਦੀ ਊਰਜਾ ਦੇ ਨਾਲ ਹੌਲੀਡੇ ਮਾਰਕੀਟ ਦੇ ਮਜ਼ੇ ਨੂੰ ਛੁੱਟੀਆਂ ਦੀ ਅਨੋਖੀ ਊਰਜਾ ਦੇ ਨਾਲ ਮਿਲਾ ਕੇ ਜਸ਼ਨ ਮਨਾਉਂਦੇ ਹੋਏ, ਬੇਜੋੜ ਤੋਹਫੇ ਲਵੋ, ਮਿਠਾਈਆਂ ਦੀ ਟ੍ਰੀਟ ਦਾ ਮਜ਼ਾ ਲਵੋ ਅਤੇ ਇਸ ਸਾਲ ਦੀ ਮਾਰਕੀਟ ਵਿਖੇ ਕੈਰੋਸਲ ਦੀ ਸਵਾਰੀ ਕਰੋ – ਇਹ ਸਭ ਗਾਰਡਨ ਸਕਵੇਅਰ (Garden Square) ਵਿੱਚ ਹੋ ਰਿਹਾ ਹੈ।

ਇਸ ਸਾਲ ਦੀ ਕ੍ਰਿਸਮਸ ਮਾਰਕੀਟ ਵਿੱਚ ਹੋਣ ਵਾਲੀਆਂ ਗਤੀਵਿਧੀਆਂ, ਵਿਕਰੇਤਾਵਾਂ ਅਤੇ ਪੂਰੇ ਮਨੋਰੰਜਨ ਪ੍ਰਬੰਧ ਬਾਰੇ ਹੋਰ ਵੇਰਵਿਆਂ ਲਈ, www.brampton.ca/winterlights ਤੇ ਜਾਓ।

**ਸੈਂਟਾ ਕਲਾਜ ਪਰੇਡ (Santa Claus Parade)**
ਸ਼ਨੀਵਾਰ, 16 ਨਵੰਬਰ ਨੂੰ ਸ਼ਾਮ 5 ਵਜੇ

ਆਪਣੀ 25ਵੀਂ ਵਰ੍ਹੇਗੰਢ ਦਾ ਜਸ਼ਨ ਮਨਾਉਂਦੇ ਹੋਏ, ਬ੍ਰੈਂਪਟਨ ਦੇ ਰੋਟਰੀ ਕਲੱਬ ਵੱਲੋਂ ਪੇਸ਼ ਕੀਤੇ ਜਾਣ ਵਾਲੀ, ਬ੍ਰੈਂਪਟਨ ਸੈਂਟਾ ਕਲਾਜ ਪਰੇਡ (Brampton Santa Claus Parade), ਰੀਜਨ ਆਫ ਪੀਲ (Region of Peel) ਵਿੱਚ ਸਭ ਤੋਂ ਵੱਡਾ ਇੱਕ ਦਿਨ ਦਾ ਕਾਰਜਕਰਮ ਅਤੇ ਕੈਨੇਡਾ ਵਿੱਚ ਰਾਤ ਦੇ ਸਮੇਂ ਦੇ ਸਭ ਤੋਂ ਵੱਡੀ ਪਰੇਡ ਹੈ! ਝਿਲਮਿਲਾਉਂਦੀਆਂ ਰੋਸ਼ਨੀਆਂ, ਚਲਦੇ-ਫਿਰਦੇ ਰੰਗਮੰਚਾਂ, ਮਾਰਚ ਕਰਦੇ ਬੈਂਡਸ ਅਤੇ ਦੱਖਣ ਵੱਲ ਮੇਨ ਸਟ੍ਰੀਟ (Main Street) ਦੇ ਨਾਲ, ਸਪਰੌਲ ਡ੍ਰਾਈਵ (Sproule Drive) ਤੋਂ ਐਲਗਿਨ ਡ੍ਰਾਈਵ (Elgin Drive) ਤੱਕ ਖਾਸ ਪੁਸ਼ਾਕ ਪਹਿਨੇ ਪਾਤਰਾਂ ਨੂੰ ਭੱਜਦੇ ਵੇਖਣ ਦਾ ਮਜ਼ਾ ਲਵੋ।

ਪਰੇਡ ਦੇ ਰੂਟ, ਪਰੇਡ ਸਬੰਧੀ ਇਤਿਹਾਸ ਅਤੇ ਸੜਕਾਂ ਬੰਦ ਹੋਣ ਸਮੇਤ, ਹੋਰ ਵੇਰਵਿਆਂ ਲਈ, www.bramptonsantaclausparade.com ਤੇ ਜਾਓ।

ਹਰੇ-ਭਰੇ ਸ਼ਹਿਰ (Green City) ਦੇ ਤੌਰ ਤੇ, ਅਸੀਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਿੱਥੇ ਵੀ ਸੰਭਵ ਹੋਵੇ, ਉਹ ਸਫ਼ਰ ਲਈ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਵਰਤੋਂ ਕਰਨ। ਬ੍ਰੈਂਪਟਨ ਟ੍ਰਾਂਜ਼ਿਟ ਦੇ ਸਬੰਧ ਵਿੱਚ ਸੜਕਾਂ ਦੇ ਬੰਦ ਹੋਣ ਅਤੇ ਟੂਰ ਬਦਲਣ ਬਾਰੇ ਵੇਰਵੇ www.bramptontransit.com ਤੇ ਉਪਲਬਧ ਹਨ। ਤਾਜ਼ਾ ਜਾਣਕਾਰੀ ਲਈ, ਬ੍ਰੈਂਪਟਨ ਟ੍ਰਾਂਜ਼ਿਟ ਨੂੰ Twitter, Facebook, ਅਤੇ Instagram @bramptontransit ਤੇ ਫਾੱਲੋ ਕਰੋ।

ਮੁਫ਼ਤ ਪਾਰਕਿੰਗ, ਸ਼ੁੱਕਰਵਾਰ ਸ਼ਾਮ 7 ਵਜੇ ਤੋਂ ਸ਼ੁਰੂ ਕਰਦੇ ਹੋਏ ਪੂਰਾ ਵੀਕੈਂਡ, ਡਾਉਨਟਾਉਨ ਦੇ ਸਾਰੇ ਮਿਉਨਿਸਿਪਲ ਗਰਾਜਾਂ: ਸਿਟੀ ਹਾਲ (City Hall), ਵੈਸਟ ਟਾਵਰ (West Tower), ਨੈਲਸਨ ਸਕਵੇਅਰ (Nelson Square), ਜੌਨ ਸਟ੍ਰੀਟ (John Street) ਅਤੇ ਰੋਜ਼ ਥਿਏਟਰ (Rose Theatre) ਵਿਖੇ ਉਪਲਬਧ ਹੋਵੇਗੀ।

ਸ਼ਾਮਲ ਹੋਣ ਵਾਲਿਆਂ ਨੂੰ ਪੀਲ ਰੀਜਨਲ ਪੁਲਿਸ (Peel Regional Police) ਦੇ ਟੋਇਜ ਫੌਰ ਟੌਟਸ (Toys for Tots) ਮੁਹਿੰਮ ਦੀ ਹਿਮਾਇਤ ਕਰਨ ਲਈ ਇੱਕ ਤੋਹਫ਼ੇ ਵਜੋਂ ਪੈਕ ਨਾ ਕੀਤਾ ਹੋਇਆ ਖਿਡੌਣਾ ਲਿਆਉਣ ਲਈ; ਬ੍ਰੈਂਪਟਨ ਫੂਡ ਸ਼ੇਰਿੰਗ ਨੈੱਟਵਰਕ ਲਈ ਖਰਾਬ ਨਾ ਹੋਣ ਵਾਲੇ ਭੋਜਨ ਪਦਾਰਥ ਦਾਨ ਕਰਨ ਲਈ; ਜਾਂ ਮੈਰੀਡੀਅਨ ਕ੍ਰੈਡਿਟ ਯੂਨੀਅਨ (Meridian Credit Union) ਬੂਥ ਨੂੰ ਦਾਨ ਕਰਨ ਲਈ ਕੱਪੜਿਆਂ ਦੀ ਕੋਈ ਆਈਟਮ ਲਿਆਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਬੂਥ ਇਕੱਤਰ ਕੀਤੀਆਂ ਵਸਤਾਂ ਨੂੰ ਬ੍ਰੈਂਪਟਨ ਨਾਈਟਸ ਟੇਬਲ (Brampton Knights Table) ਨੂੰ ਦਾਨ ਕਰੇਗਾ। ਸ਼ੁੱਕਰਵਾਰ ਨੂੰ ਸ਼ਾਮ ਦੀਆਂ ਗਤੀਵਿਧੀਆਂ ਦੇ ਦੌਰਾਨ ਮੇਨ ਸਟ੍ਰੀਟ ਤੇ ਸਿਟੀ ਹਾਲ ਪ੍ਰਵੇਸ਼ ਦੁਆਰ ਵਿਖੇ ਦਾਨ ਦਿੱਤੇ ਜਾ ਸਕਦੇ ਹਨ।

**ਹਵਾਲਾ**

"ਬ੍ਰੈਂਪਟਨ ਇੱਕ ਮੋਜ਼ੈਕ ਹੈ। ਵਿੰਟਰ ਲਾਈਟਸ ਫੈਸਟੀਵਲ ਹਰ ਕਿਸੇ ਨੂੰ ਇਕੱਠਾ ਕਰਦਾ ਹੈ! ਮੈਂ ਸਾਰਿਆਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਸਾਲਾਨਾ ਟ੍ਰੀ ਲਾਈਟਿੰਗ ਵਿੱਚ ਹਿੱਸਾ ਲੈਣ, ਕ੍ਰਿਸਮਸ ਮਾਰਕੀਟ ਵਿਖੇ ਆਪਣੀ ਛੁੱਟੀਆਂ ਦੀ ਖਰੀਦਦਾਰੀ ਦੀ ਸ਼ੁਰੂਆਤ ਕਰਨ ਅਤੇ ਸੈਂਟਾ ਕਲਾਜ ਪਰੇਡ ਵਿੱਚ ਸੈਂਟਾ ਦਾ ਬ੍ਰੈਂਪਟਨ ਵਿੱਚ ਸੁਆਗਤ ਕਰਨ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

media release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca